# ਵਰਲਡ ਪੰਜਾਬੀ ਟਾਈਮਜ਼

# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 98772-46588, +1 (418) 887-0162




## ਯੂਕੇ ਦੇ ਕੌਂਸਲ ਜਨਰਲ ਪਿਕਸ ਸੋਸਾਇਟੀ ਸਰੀ ਦੀਆਂ ਸੇਵਾਵਾਂ ਤੋਂ ਬੇਹੱਦ ਪ੍ਰਭਾਵਿਤ ਹੋਏ

ਵਰਲਡ ਪੰਜਾਬੀ ਟਾਈਮਜ਼
ਹਰਦਮ ਮਾਨ

ਸਰੀ, 17 ਜਨਵਰੀ : ਬੀਤੇ ਦਿਨੀਂ ਯੂਕੇ ਦੇ ਵੈਨਕੂਵਰ ਸਥਿਤ ਕੌਂਸਲ ਜਨਰਲ ਸ੍ਰੀ ਥਾਮਸ ਕੋਡਰਿੰਗਟਨ ਅਤੇ ਟੋਰਾਂਟੋ ਸਥਿਤ ਕੌਂਸਲ ਜਨਰਲ ਸ੍ਰੀਮਤੀ ਫੌਜੀਆ ਯੂਨਿਸ, ਪ੍ਰੋਗਰੈਸਿਵ ਇੰਟਰਕਲਚਰਲ ਕਮਿਊਨਿਟੀ ਸਰਵਿਸ (ਪਿਕਸ) ਸੋਸਾਇਟੀ ਦੇ ਮੁੱਖ ਦਫਤਰ ਸਰੀ ਵਿਖੇ ਪਹੁੰਚੇ। ਉਹਨਾਂ ਦੇ ਨਾਲ ਸਰੀ ਦੇ ਐਮਐਲਏ ਜਗਰੂਪ ਬਰਾੜ ਵੀ ਸਨ। ਪਿਕਸ ਦੇ ਸੀਈਓ ਸਤਬੀਰ ਚੀਮਾ ਨੇ ਤਿੰਨਾਂ ਸ਼ਖਸੀਅਤਾਂ ਦਾ ਭਰਵਾਂ ਸਵਾਗਤ ਕੀਤਾ। ਇਹਨਾਂ ਤਿੰਨਾਂ ਸ਼ਖਸ਼ੀਅਤਾਂ ਨੇ ਪਿਕਸ ਦੇ ਮੁੱਖ ਦਫਤਰ ਤੋਂ ਇਲਾਵਾ ਪਿਕਸ ਅਸਿਸਟਡ ਲਿਵਿੰਗ ਹੋਮ ਵਿਖੇ ਦਿੱਤੀਆਂ ਜਾ ਰਹੀਆਂ ਸੇਵਾਵਾਂ ਦੀ ਸ਼ਲਾਘਾ ਕੀਤੀ। ਸ੍ਰੀਮਤੀ ਫੌਜੀਆ ਯੂਨਿਸ ਨੇ ਪਿਕਸ ਦੇ ਕੰਮਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਪਿਕਸ ਤੇ ਆ ਕੇ ਮੈਨੂੰ ਇਉਂ ਮਹਿਸੂਸ ਹੋ ਰਿਹਾ ਹੈ ਜਿਵੇਂ ਮੈਂ ਆਪਣੇ ਘਰ ਵਾਪਸ ਆ ਗਈ ਹੋਵਾਂ। ਉਨ੍ਹਾਂ ਕਿਹਾ ਕਿ ਕਿੰਨਾ ਪ੍ਰਭਾਵਸ਼ਾਲੀ ਸਫਰ ਹੈ ਕਿ ਪਿਕਸ ਦੀ 1987 ਵਿੱਚ ਸਿਰਫ 80 ਡਾਲਰ ਤੋਂ ਸ਼ੁਰੂ ਹੋਈ ਯਾਤਰਾ ਅੱਜ ਲਗਭਗ 24 ਮਿਲੀਅਨ ਡਾਲਰ ਤੱਕ ਪਹੁੰਚ ਚੁੱਕੀ ਹੈ। ਮਿਸਟਰ ਥਾਮਸ ਕੋਡਰਿੰਗਟਨ ਨੇ ਸਰੀ ਅਤੇ ਯੂਕੇ ਵਿਚਾਲੇ ਸਬੰਧਾਂ ਦੀ ਮਹੱਤਤਾ ਤੇ ਜ਼ੋਰ ਦਿੰਦਿਆਂ ਕਿਹਾ ਕਿ ਪਿਕਸ ਕਮਿਊਨਿਟੀ ਵੱਲੋਂ ਇਸ ਦਿਸ਼ਾ ਵਿੱਚ ਬਹੁਤ ਹੀ ਸ਼ਲਾਘਾਯੋਗ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ। ਉਹਨਾਂ ਕਿਹਾ ਕਿ ਸਰੀ ਅਤੇ ਯੂਕੇ ਦੇ ਲੋਕਾਂ ਦੇ ਆਪਸੀ ਸੰਬੰਧ ਉਨ੍ਹਾਂ ਲਈ ਖੁਸ਼ੀ ਦਾ ਸਬੱਬ ਹਨ। ਕਮਿਊਨਿਟੀ ਨੂੰ ਇਸ ਤਰ੍ਹਾਂ ਇਕੱਠੇ ਹੋ ਕੇ ਇੱਕ ਦੂਜੇ ਲਈ ਸਹਿਯੋਗ ਕਰਨਾ ਇਕ ਬਹੁਤ ਹੀ ਵਧੀਆ ਕਾਰਜ ਹੈ। ਇਸ ਨਾਲ ਭਾਈਚਾਰਕ ਅਤੇ ਸਹਿਯੋਗ ਦੀ ਭਾਵਨਾ ਮਜ਼ਬੂਤ ਹੁੰਦੀ ਹੈ ਅਤੇ ਇੱਕ ਦੂਜੇ ਨਾਲ ਮੇਲਜੋਲ ਕਨੇਡੀਅਨ ਜੀਵਨ ਦਾ ਵੱਧ ਤੋਂ ਵੱਧ ਲਾਭ ਉਠਾਉਣ ਵਿੱਚ ਮਦਦਗਾਰ ਬਣਦਾ ਹੈ। ਪਿਕਸ ਦੇ ਮੁੱਖ ਦਫਤਰ ਵਿਚ ਦਿੱਤੀਆਂ ਜਾ ਰਹੀਆਂ ਸੇਵਾਵਾਂ ਦੀ ਜਾਣਕਾਰੀ ਹਾਸਲ ਕਰਨ ਉਪਰੰਤ ਇਹ ਤਿੰਨੇ ਮਹਿਮਾਨ ਪਿਕਸ ਵੱਲੋਂ ਚਲਾਏ ਜਾ ਰਹੇ ਅਸਿਸਟਡ ਲਿਵਿੰਗ ਹੋਮ ਵਿਖੇ ਵੀ ਗਏ ਅਤੇ ਉਥੇ ਪਿਕਸ ਸੋਸਾਇਟੀ ਵੱਲੋਂ ਪ੍ਰਦਾਨ ਕੀਤੀਆਂ ਜਾ ਰਹੀਆਂ ਸੇਵਾਵਾਂ ਦੇਖ ਕੇ ਬਹੁਤ ਖੁਸ਼ ਹੋਏ। ਪਿਛਲੇ ਸਾਲਾਂ ਦੌਰਾਨ ਪਿਕਸ ਵੱਲੋਂ ਕੀਤੇ ਵਿਕਾਸ ਅਤੇ ਪਿਕਸ ਸੁਸਾਇਟੀ ਵੱਲੋਂ ਕਮਿਊਨਿਟੀ ਦੀ ਸੇਵਾ ਲਈ ਸਮਰਪਿਤ ਭਾਵਨਾ ਨੇ ਦੋਹਾਂ ਕੌਂਸਲ ਜਨਰਲ ਬਹੁਤ ਪ੍ਰਭਾਵਿਤ ਕੀਤਾ।




## 'ਸਰਬੱਤ ਦਾ ਭਲਾ' ਟਰੱਸਟ ਵੱਲੋਂ ਲੋੜਵੰਦ ਦੇ ਮਕਾਨ ਦਾ ਕੰਮ ਆਰੰਭ

ਵਰਲਡ ਪੰਜਾਬੀ ਟਾਈਮਜ਼
ਗੁਰਬਿੰਦਰ ਸਿੰਘ ਰੋਮੀ

ਰੋਪੜ, 17 ਜਨਵਰੀ : ਡਾ. ਐਸ.ਪੀ. ਸਿੰਘ ਉਬਰਾਏ ਦੀ ਯੋਗ ਅਗਵਾਈ ਵਿੱਚ 'ਸਰਬੱਤ ਦਾ ਭਲਾ' ਚੈਰੀਟੇਬਲ ਟਰੱਸਟ ਵੱਲੋਂ ਮਾਘੀ ਦੇ ਪਵਿੱਤਰ ਦਿਹਾੜੇ 'ਤੇ ਪਿੰਡ ਕੋਟਲਾ ਟੱਪਰੀਆਂ ਵਿਖੇ ਜਸਵੀਰ ਕੌਰ ਦੇ ਮਕਾਨ ਦਾ ਨੀਂਹ-ਪੱਥਰ ਸੰਤ ਬਾਬਾ ਅਵਤਾਰ ਸਿੰਘ ਜੀ ਗੁਰਦੁਆਰਾ ਸ੍ਰੀ ਟਿੱਬੀ ਸਾਹਿਬ ਵਾਲਿਆਂ ਤੋਂ ਅਰਦਾਸ ਕਰਨ ਉਪਰੰਤ ਉਨ੍ਹਾਂ ਦੇ ਕਰ-ਕਮਲਾਂ ਨਾਲ਼ ਰਖਵਾਇਆ ਗਿਆ। ਜਿੰਨ੍ਹਾ ਟਰੱਸਟ ਵੱਲੋਂ ਕੀਤੇ ਜਾ ਰਹੇ ਲੋਕ ਹਿੱਤ ਕਾਰਜਾਂ ਦੀ ਭਰਪੂਰ ਸ਼ਲਾਘਾ ਕੀਤੀ। ਜ਼ਿਲ੍ਹਾ ਪ੍ਰਧਾਨ ਜੇ ਕੇ ਜੱਗੀ ਨੇ ਦੱਸਿਆ ਕਿ ਸ. ਉਬਰਾਏ ਨੇ ਮੀਂਹ ਕਾਰਨ ਨੁਕਸਾਨੇ ਗਏ ਗਰੀਬ ਪਰਿਵਾਰਾਂ ਦੇ ਘਰਾਂ ਦੀ ਉਸਾਰੀ ਵਿੱਚ ਮਦਦ ਕਰਨ ਦਾ ਐਲਾਨ ਕੀਤਾ ਸੀ। ਜਿਸ ਦੇ ਚਲਦਿਆਂ ਕੜਾਕੇ ਦੀ ਠੰਢ ਵਿੱਚ ਵੀ ਝੁੱਗੀ ਵਿੱਚ ਰਹਿ ਰਹੇ ਇਸ ਲੋੜਵੰਦ ਪਰਿਵਾਰ ਨੇ ਸਾਡੇ ਨਾਲ ਸੰਪਰਕ ਕੀਤਾ ਤੇ ਉਬਰਾਏ ਸਾਹਿਬ ਨੇ ਤੁਰੰਤ ਇਹਨਾਂ ਲਈ ਦੋ ਲੱਖ ਰੁਪਏ ਦੀ ਰਾਸ਼ੀ ਮਨਜ਼ੂਰ ਕੀਤੀ। ਉਨ੍ਹਾਂ ਕਿਹਾ ਕਿ ਰੋਪੜ ਜਿਲੇ ਦੇ ਹੋਰ ਲੋੜਵੰਦ ਪਰਿਵਾਰਾਂ ਵੀ ਮਦਦ ਲਈ ਸੰਪਰਕ ਕਰ ਸਕਦੇ ਹਨ। ਉਪਰੰਤ ਪਰਿਵਾਰ ਨੇ ਟਰੱਸਟ ਦਾ ਉਚੇਚੇ ਤੌਰ 'ਤੇ ਸ਼ੁਕਰਾਨਾ ਕੀਤਾ। ਇਸ ਮੌਕੇ ਮਦਨ ਮੋਹਨ ਗੁਪਤਾ, ਸ ਇੰਦਰਜੀਤ ਸਿੰਘ, ਸੁਖਦੇਵ ਸ਼ਰਮਾ, ਜਗਜੀਤ ਸਿੰਘ ਟੀਮ ਮੈਂਬਰ, ਸਰਪੰਚ ਗੁਰਮੇਲ ਸਿੰਘ ਅਤੇ ਹੋਰ ਪਤਵੰਤੇ ਪਤਵੰਤੇ ਸੱਜਣ ਹਾਜ਼ਰ ਸਨ।



## ਮੁੱਖ ਮੰਤਰੀ ਪੰਜਾਬ ਨੇ ਕੌਮਾਂਤਰੀ ਸ਼ੂਟਰ ਸਿਫ਼ਤ ਕੌਰ ਸਮਰਾ ਨੂੰ 1 ਕਰੋੜ 75 ਲੱਖ ਦਾ ਚੈੱਕ ਦੇ ਕੇ ਸਨਮਾਨਿਤ ਕੀਤਾ

ਵਰਲਡ ਪੰਜਾਬੀ ਟਾਈਮਜ਼
ਧਰਮ ਪ੍ਰਵਾਨਾਂ

ਫ਼ਰੀਦਕੋਟ, 17 ਜਨਵਰੀ : ਫ਼ਰੀਦਕੋਟ ਦੀ ਗੋਲਡਨ ਗਰਲ, ਸਿਫ਼ਤ ਕੌਰ ਸਮਰਾ ਵੱਲੋਂ ਕੌਮੀ ਅਤੇ ਕੌਮਾਂਤਰੀ ਪੱਧਰ ਤੇ ਰਾਈਫ਼ਲ ਸ਼ੂਟਿੰਗ 'ਚ ਲਗਾਤਾਰ ਦੇਸ਼ ਲਈ 50 ਤੋਂ ਵੱਧ ਤਗਮੇ ਜਿੱਤ ਕੇ ਨਵੇਂ ਇਤਿਹਾਸ ਦੀ ਸਿਰਜਣਾ ਕੀਤੀ ਗਈ। ਬੀਤੇ ਸਮੇਂ ਦੌਰਾਨ ਚੀਨ ਵਿਖੇ ਹੋਈ ਉਲੰਪਿਕ 'ਚ ਵਿਅਕਤੀ ਰੂਪ 'ਚ ਸੋਨ ਤਗਮਾ ਅਤੇ ਟੀਮ ਲਈ ਚਾਂਦੀ ਦਾ ਮੈਡਲ ਜਿੱਤਣ ਬਦਲੇ ਪੰਜਾਬ ਦੇ ਮਾਨਯੋਗ ਮੁੱਖ ਮੰਤਰੀ ਸ.ਭਗਵੰਤ ਸਿੰਘ ਮਾਨ ਵੱਲੋਂ ਚੰਡੀਗੜ ਸੈਕਟਰ 35 ਦੇ ਪੰਜਾਬ ਮਿਊਂਸਪਲ ਭਵਨ ਵਿਖੇ ਕੀਤੇ ਸਮਾਗਮ 'ਚ ਫ਼ਰੀਦਕੋਟ ਦੀ ਸ਼ੂਟਰ ਬੇਟੀ ਸਿਫ਼ਤ ਕੌਰ ਸਮਰਾ ਨੂੰ ਪੰਜਾਬ ਸਰਕਾਰ ਵੱਲੋਂ 1 ਕਰੋੜ 75 ਲੱਖ ਦਾ ਚੈੱਕ ਭੇਟ ਕਰਕੇ ਸਨਮਾਨਿਤ ਕੀਤਾ । ਇਸ ਮੌਕੇ ਉਨ੍ਹਾਂ ਭਵਿੱਖ 'ਚ ਹੋਰ ਸ਼ਾਨਦਾਰ ਪ੍ਰਦਰਸ਼ਨ ਲਈ ਬੇਟੀ ਸਿਫ਼ਤ ਕੌਰ ਸਮਰਾਂ ਨੂੰ ਸ਼ੁੱਭਕਾਮਨਾਵਾਂ ਦਿੱਤੀਆਂ। ਇਸ ਮੌਕੇ ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ, ਪੰਜਾਬ ਯੂਥ ਵਿਕਾਸ ਬੋਰਡ ਦੇ ਚੇਅਰਮੈਨ ਪਰਮਿੰਦਰ ਸਿੰਘ ਗੋਲਡੀ, ਸਪੈਸ਼ਲ ਮੁੱਖ ਸਕੱਤਰ ਖੇਡ ਵਿਭਾਗ ਪੰਜਾਬ ਸਰਵਜੀਤ ਸਿੰਘ, ਵਿਸ਼ੇਸ਼ ਸਕੱਤਰ ਖੇਡ ਵਿਭਾਗ ਪੰਜਾਬ ਆਨੰਦ ਕੁਮਾਰ, ਡਾਇਰੈਕਟਰ ਯੁਵਕ ਸੇਵਾਵਾਂ ਤੇ ਖੇਡ ਵਿਭਾਗ ਪੰਜਾਬ ਹਰਪ੍ਰੀਤ ਸਿੰਘ ਸੂਦਨ ਹਾਜ਼ਰ ਸਨ। ਇਸ ਪ੍ਰੋਗਰਾਮ ਦਾ ਮੰਚ ਸੰਚਾਲਨ ਲੋਕ ਸੰਪਰਕ ਅਫ਼ਸਰ/ਪ੍ਰਸਿੱਧ ਖੇਡ ਲੇਖਕ ਨਵਦੀਪ ਸਿੰਘ ਗਿੱਲ ਨੇ ਕੀਤਾ। ਇਸ ਸਬੰਧੀ ਬੇਟੀ ਸਿਫ਼ਤ ਕੌਰ ਸਮਰਾ ਨਾਲ ਗੱਲ ਕਰਨ ਤੇ ਉਨ੍ਹਾਂ ਪੰਜਾਬ ਸਰਕਾਰ ਅਤੇ ਮੁੱਖ ਮੰਤਰੀ ਪੰਜਾਬ ਸ.ਭਗਵੰਤ ਸਿੰਘ ਮਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਭਵਿੱਖ 'ਚ ਦੇਸ਼ ਲਈ ਹੋਰ ਪ੍ਰਾਪਤੀਆਂ ਵਾਸਤੇ ਵਧੇਰੇ ਸੁਹਿਦਰਤਾ ਨਾਲ ਸਖ਼ਤ ਮਿਹਨਤ ਕਰੇਗੀ। ਕੌਮਾਂਤਰੀ ਸ਼ੂਟਰ ਬੇਟੀ ਸਿਫ਼ਤ ਕੌਰ ਸਮਰਾ ਨੂੰ ਪੰਜਾਬ ਸਰਕਾਰ ਵੱਲੋਂ ਇਹ ਵੱਡਾ ਸਨਮਾਨ ਮਿਲਣ ਤੇ ਉਸ ਨੂੰ, ਉਨ੍ਹਾਂ ਦੇ ਪਿਤਾ ਪਵਨਦੀਪ ਸਿੰਘ ਬੰਪੀ ਸਮਰਾ, ਮਾਤਾ ਰਮਣੀਕ ਕੌਰ ਸਮਰਾ ਨੂੰ ਸਪੀਕਰ ਵਿਧਾਨ ਸਭਾ ਪੰਜਾਬ ਕੁਲਤਾਰ ਸਿੰਘ ਸੰਧਵਾਂ, ਵਿਧਾਇਕ ਹਲਕਾ ਫ਼ਰੀਦਕੋਟ ਗੁਰਦਿੱਤ ਸਿੰਘ ਸੇਖੋਂ, ਵਿਧਾਇਕ ਹਲਕਾ ਜੈਤੋ ਅਮਲੋਕ ਸਿੰਘ, ਚੇਅਰਮੈਨ ਜ਼ਿਲਾ ਯੋਜਨਾ ਬੋਰਡ ਫ਼ਰੀਦਕੋਟ ਸੁਖਜੀਤ ਸਿੰਘ ਢਿੱਲਵਾਂ, ਚੇਅਰਮੈਨ ਨਗਰ ਸੁਧਾਰ ਟਰੱਸਟ ਫ਼ਰੀਦਕੋਟ ਗੁਰਤੇਜ ਸਿੰਘ ਖੋਸਾ, ਚੇਅਰਮੈਨ ਮਾਰਕੀਟ ਕਮੇਟੀ ਫ਼ਰੀਦਕੋਟ ਅਮਨਦੀਪ ਸਿੰਘ ਬਾਬਾ, ਜ਼ਿਲਾ ਪ੍ਰਧਾਨ ਆਮ ਆਦਮੀ ਪਾਰਟੀ (ਯੂਥ) ਫ਼ਰੀਦਕੋਟ ਸੁਖਵੰਤ ਸਿੰਘ ਪੱਕਾ, ਵਿਪਨ ਲਾਂਬਾ, ਰਵੀ ਬੁਗਰਾ, ਨਾਇਬ ਸਿੰਘ ਪੁਰਬਾ, ਚਰਨਜੀਤ ਸਿੰਘ ਅਰਾਈਆਂਵਾਲਾ, ਸੇਵਾ ਮੁਕਤ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਵਿਭਾਗ ਪੰਜਾਬ ਜਗਜੀਤ ਸਿੰਘ ਚਾਹਲ, ਨੈਸ਼ਨਲ ਯੂਥ ਵੈਲਫ਼ੇਅਰ ਕਲੱਬ ਫ਼ਰੀਦਕੋਟ ਦੇ ਪ੍ਰਧਾਨ ਗੁਰਚਰਨ ਸਿੰਘ ਭੰਗੜਾ ਕੋਚ, ਪੀ.ਆਰ.ਓ.ਜਸਬੀਰ ਸਿੰਘ ਜੱਸੀ, ਰੋਟਰੀ ਕਲੱਬ ਫ਼ਰੀਦਕੋਟ ਦੇ ਪ੍ਰਧਾਨ ਅਰਵਿੰਦ ਛਾਬੜਾ, ਸਕੱਤਰ ਮਨਪ੍ਰੀਤ ਸਿੰਘ ਬਰਾੜ, ਰੋਟਰੀ ਆਗੂ ਨਵੀਸ਼ ਛਾਬੜਾ, ਨੈਸ਼ਨਲ ਯੂਥ ਕਲੱਬ ਫ਼ਰੀਦਕੋਟ ਦੇ ਪ੍ਰਧਾਨ ਡਾ.ਸੰਜੀਵ ਸੇਠੀ, ਕ੍ਰਿਸ਼ਨਾਂਵੰਤੀ ਸੇਵਾ ਸੁਸਾਇਟੀ ਫ਼ਰੀਦਕੋਟ ਦੇ ਪ੍ਰਧਾਨ ਪ੍ਰਿੰਸੀਪਲ ਸੁਰੇਸ਼ ਅਰੋੜਾ, ਲਾਇਨਜ਼ ਕਲੱਬ ਫ਼ਰੀਦਕੋਟ ਦੇ ਪ੍ਰਧਾਨ ਲੈਕਚਰਾਰ ਹਰਜੀਤ ਸਿੰਘ, ਸਕੱਤਰ ਬਿਕਰਮਜੀਤ ਸਿੰਘ ਢਿੱਲੋਂ, ਲਾਇਨਜ਼ ਕਲੱਬ ਫ਼ਰੀਦਕੋਟ ਵਿਸ਼ਾਲ ਦੇ ਪ੍ਰਧਾਨ ਪ੍ਰਿੰਸੀਪਲ ਡਾ.ਐਸ.ਐਸ.ਬਰਾੜ, ਨਿਸ਼ਕਾਮ ਸੇਵਾ ਸੰਮਤੀ ਫ਼ਰੀਦਕੋਟ ਦੇ ਪ੍ਰਧਾਨ ਐਡਵੋਕੇਟ ਗੌਤਮ ਬਾਂਸਲ, ਆਗੂ ਗੁਰਵਿੰਦਰ ਸਿੰਘ ਧਿੰਗੜਾ ਸਟੇਟ ਐਵਾਰਡੀ, ਲਾਇਨਜ਼ ਕਲੱਬਾਂ ਪੰਜਾਬ ਦੇ ਮੁੱਖ ਸਕੱਤਰ ਰਜਨੀਸ਼ ਗਰਵੋਰ, ਸਹਾਰਾ ਕਲੱਬ ਫ਼ਰੀਦਕੋਟ ਦੇ ਚੇਅਰਮੈਨ ਪ੍ਰਵੀਨ ਕਾਲਾ, ਪ੍ਰਧਾਨ ਅਸ਼ੋਕ ਭਟਨਾਗਰ, ਯੂਥ ਵੈਲਫ਼ੇਅਰ ਸੁਸਾਇਟੀ ਦੇ ਪ੍ਰਧਾਨ ਜਸਵਿੰਦਰਪਾਲ ਸਿੰਘ ਮਿੰਟੂ, ਭਾਈ ਘਨੱਈਆ ਕਲੱਬ ਦੇ ਸਰਪ੍ਰਸਤ ਗੁਰਿੰਦਰ ਸਿੰਘ ਗੋਰਾ, ਸਮਾਜ ਸੇਵੀ ਪ੍ਰਦਮਣ ਸਿੰਘ ਦਸਮੇਸ਼ ਕਲਾਥ ਹਾਊਸ, ਲਾਇਨ ਆਗੂ ਗੁਰਮੇਲ ਸਿੰਘ ਜੱਸਲ, ਸੀਨੀਅਰ ਸਿਟੀਜ਼ਨ ਐਸੋਸੀਏਸ਼ਨ ਦੇ ਆਗੂ ਦਰਸ਼ਨ ਲਾਲ ਚੁੱਘ ਨੇ ਵਧਾਈ ਦਿੱਤੀ ਹੈ।




## ਗੁਰੂ ਗੋਬਿੰਦ ਸਿੰਘ ਜੀ ਤੇਰੇ ਵਰਗਾ ਕੋਈ ਹੋਰ ਨਹੀਂ ਹੋ ਸਕਦਾ




ਵਰਲਡ ਪੰਜਾਬੀ ਟਾਈਮਜ਼
ਸੁਰਜੀਤ ਸਾਰੰਗ

ਗੁਰੂ ਗੋਬਿੰਦ ਸਿੰਘ ਪਟਨਾ ਸ਼ਹਿਰ ਵਿਚ ਜਨਮ ਲਿਆ ।ਬਚਪਨ ਪਟਨਾ ਸਾਹਿਬ ਵਿਖੇ ਬਤੀਤ ਹੋਇਆ। ਫਿਰ ਆਪਣੇ ਪਿਤਾ ਗੁਰੂ ਤੇਗ ਬਹਾਦੁਰ ਜੀ ਨਾਲ ਅਨੰਦਪੁਰੀ ਸਾਹਿਬ ਆ ਗਏ। ਨੌਂ ਸਾਲ ਦੀ ਉਮਰ ਵਿਚ ਪਿਤਾ ਨੂੰ ਦਿੱਲੀ ਧਰਮ ਵਾਸਤੇ ਭੇਜਿਆ। ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕਈ ਲੜਾਈਆਂ ਲੜੀਆਂ ਪਰ ਉਹਨਾਂ ਨੇ ਕੋਈ ਵੀ ਲੜਾਈ ਹੋਰਾਂ ਰਾਜਿਆਂ ਵਾਂਗ ਜਮੀਨ ਜਾਂ ਪੈਸੇ ਲਈ ਨਹੀਂ ਲੜੀ। ਬਲਕਿ ਉਹਨਾਂ ਦੀ ਝਲ ਇਕ ਲੜਾਈ ਬੇਇਨਸਾਫ਼ੀ ਅਤੇ ਜੁਲਮ ਖਿਲਾਫ ਸੀ।

ਮਿੱਤਰ ਪਿਆਰੇ ਨੂੰ ਹਾਲ ਮੁਰੀਦਾ ਦਾ ਕਹਿਣਾ।।
ਮੈਂ ਨਹੀਂ ਹੋਰ ਬਹਾਰਾਂ ਨੂੰ ਸੜਨ ਦਿੱਤਾ

ਭਾਵੇਂ ਆਪਣੇ ਬਾਗ ਵੀਰਾਨ ਹੋ ਗਏ।
ਹੁੰਦੀ ਛਾਂ ਕੀਤੀ ਲੱਖਾਂ ਪੁੱੱਤਰਾ ਨੂੰ
ਭਾਵੇਂ ਚਾਰੇ ਲਾਲ ਕੁਰਬਾਨ ਹੋ ਗਏ।
ਚਿੜੀਆਂ ਤੋਂ ਮੈਂ ਬਾਜ਼ ਤੜਵਾਊ

ਉਸ ਦੇ ਸਿੰਘ ਦੀ ਕਿੰਨੀ ਕੁ ਸਾਨ ਹੋਸੀ।
ਸਵਾ ਲੱਖ ਨਾਲ ਇਕ ਲੜਾਣ ਵਾਲਾ।
ਕਲਗੀਧਰ ਖੁਦ ਕਿਨ੍ਹਾਂ ਬਲਵਾਨ ਹੋਸੀ ।

ਤੇਰੇ ਵਰਗਾ ਇਸ ਧਰਤੀ ਤੇ ਨਹੀਂ ਹੋਣਾ।
ਨਾ ਹੀ ਹੋਰ ਕੋਈ ਆਇਆ
ਜ਼ਾਹਰਾ ਮੂਰਤ ਅਕਾਲ ਪੁਰਖ
ਗੁਰੂ ਗੋਬਿੰਦ ਸਿੰਘ ਜੀ ਅਖਵਾਇਆ।

ਦਿੱਲੀ ਦੇ ਵੱਲ ਪਿਤਾ ਤੋਰ ਕੇਂਦਰ
ਡੁਬਦਾ ਧਰਮ ਬਚਾਇਆ
ਦੇਕੇ ਪਾਹੁਲ ਖੰਡੇਧਾਰ ਦੀ
ਖਾਲਸਾ ਪੰਥ ਸਜਾਇਆ ।
ਗਿਦੜਾਂ ਤੋਂ ਸ਼ੇਰ ਬਣਾਇਆ।
ਸਾਨੂੰ ਅਣਖ ਨਾਲ ਜਿਉਣਾ
ਸਿਖਾਇਆ।

ਚਾਰ ਪੁੱਤਰ ਤੁਸਾਂ ਧਰਮ ਤੋਂ ਵਾਰੇ।
ਤੁਸਾਂ ਫੇਰ ਵੀ ਸ਼ੁਕਰ ਮੰਨਾਇਆ।
ਤਾਂਹੀ ਓ ਕਲਗੀ ਵਾਲਿਆਂ ਤੈਨੂੰ।
ਸਭ ਨੇ ਸੀਸ ਨਿਵਾਇਆ ਹੈ।
ਕਲਗੀ ਵਾਲੇ ਤੇਰੀ ਸਿਫ਼ਤ ਮੈਂ ਕੀ ਲਿਖਾਂ ਮੇਰੀ ਕਲਮ ਵੀ ਰੌਂਦੀ ਹੈ।

ਆਜ ਦਸਮੇਸ਼ ਪਿਤਾ ਜੀ ਦੇ ਪ੍ਰਕਾਸ਼ ਪੁਰਬ ਦੀਆਂ ਆਪ ਸਭ ਨੂੰ ਲੱਖ ਲੱਖ ਵਧਾਈਆਂ ਹੋਣ ਜੀ।

## 'ਸ਼ੇਰੇ ਪੰਜਾਬ' ਰੇਡੀਓ ਦੇ ਸੰਸਥਾਪਕ ਅਜੀਤ ਸਿੰਘ ਬਾਧ ਸਦੀਵੀ ਵਿਛੋੜਾ ਦੇ ਗਏ

ਵਰਲਡ ਪੰਜਾਬੀ ਟਾਈਮਜ਼
ਹਰਦਮ ਮਾਨ



ਸਰੀ, 17 ਜਨਵਰੀ: ਕੈਨੇਡਾ ਵਿੱਚ ਪੰਜਾਬੀ ਮੀਡੀਆ ਦੇ ਸਿਰਮੌਰ ਤੇ ਸ਼ੇਰੇ ਪੰਜਾਬ ਰੇਡੀਓ ਦੇ ਸੰਸਥਾਪਕ ਅਜੀਤ ਸਿੰਘ ਬਾਅਦ ਇੱਕ ਲੰਬੀ ਬਿਮਾਰੀ ਤੋਂ ਬਾਅਦ ਲੋਹੜੀ ਵਾਲੇ ਦਿਨ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਦਾ ਜਨਮ 1 ਅਕਤੂਬਰ 1936 ਨੂੰ ਫਗਵਾੜੇ ਦੇ ਲਾਗਲੇ ਪਿੰਡ ਬਾਧ ਵਿਚ ਹੋਇਆ। ਉਹ ਸਿਰਫ ਕੈਨੇਡਾ ਵਿੱਚ ਹੀ ਨਹੀਂ ਬਲਕਿ ਭਾਰਤ, ਪਾਕਿਸਤਾਨ ਦੇ ਲਹਿੰਦੇ ਪੰਜਾਬ ਸਮੇਤ ਹੋਰਨਾਂ ਕਈ ਮੁਲਕਾਂ ਵਿੱਚ ਕਿਸੇ ਵੀ ਪਛਾਣ ਦੇ ਮੁਹਤਾਜ ਨਹੀਂ ਰਹੇ। ਸਿਰਫ ਮੀਡੀਆ ਖੇਤਰ ਵਿੱਚ ਹੀ ਨਹੀਂ ਸਗੋ ਰਾਜਨੀਤੀ, ਧਰਮ ਤੇ ਸਮਾਜਿਕ ਖੇਤਰ ਵਿਚ ਵੀ ਸਮੇਂ ਸਮੇਂ ਤੇ ਉਹ ਆਪਣੀ ਅਲੱਗ ਪਹਿਚਾਣ ਛੱਡਦੇ ਰਹੇ। ਉਨ੍ਹਾਂ ਵਿਚ ਸਿਆਸਤ ਦੇ ਨਾਲ ਨਾਲ ਪੰਥ ਦੀ ਸੇਵਾ ਦਾ ਜਜ਼ਬਾ ਸੀ। ਸ਼ਰੋਮਣੀ ਅਕਾਲੀ ਦਲ ਨਾਲ ਜੁੜ ਕੇ ਉਹਨਾਂ ਨੇ ਪੰਜਾਬ ਤੇ ਪੰਥ ਦੇ ਮਸਲਿਆਂ ਤੇ ਹਮੇਸ਼ਾ ਆਪਣੀ ਆਵਾਜ਼ ਬੁਲੰਦ ਰੱਖੀ।

33 ਸਾਲ ਦੀ ਉਮਰ ਵਿੱਚ ਉਹ ਕੈਨੇਡਾ ਆ ਗਏ। ਉਹ ਬੀਸੀ ਦੇ ਸ਼ਹਿਰ ਮੈਰਿਟ ਵਿਚ ਲੰਮਾਂ ਸਮਾਂ ਰਹੇ ਜਿਥੇ ਲੰਬਰ ਇੰਡਸਟਰੀ ਵਿੱਚ ਮਿਹਨਤ ਕੀਤੀ। ਉੱਥੇ ਹੀ ਸਮੇਂ ਸਮੇਂ ਤੇ ਗੁਰਦੁਆਰਿਆਂ ਦੀ ਸੇਵਾ ਸੰਭਾਲ ਵਿੱਚ ਵੀ ਆਪਣਾ ਯੋਗਦਾਨ ਪਾਉਂਦੇ ਰਹੇ। ਪੰਜਾਬੀ ਭਾਈਚਾਰੇ ਦੀਆਂ ਸਮੱਸਿਆਵਾਂ ਨੂੰ ਉਹਨਾਂ ਨੇ ਨੇੜਿਓਂ ਵੇਖਿਆ ਤਾਂ ਉਹਨਾਂ ਸਮੱਸਿਆਵਾਂ ਦੇ ਹੱਲ ਲਈ ਉਹਨਾਂ ਕਈ ਉਪਰਾਲੇ ਕੀਤੇ। ਉਹਨਾਂ ਕਈ ਦਹਾਕੇ ਪਹਿਲਾਂ ਇੰਡੋ ਕਨੇਡੀਅਨ ਭਾਈਚਾਰੇ ਦਾ ਪਹਿਲਾ ਪੰਥਕ ਮੈਗਜ਼ੀਨ 'ਸਿੱਖ ਸਮਾਚਾਰ' ਸ਼ੁਰੂ ਕੀਤਾ। ਉਨ੍ਹਾਂ ਵੱਲੋਂ ਪੰਜਾਬੀ ਕਮਿਊਨਿਟੀ ਦਾ ਪਹਿਲਾ ਰੇਡੀਓ ਸਟੇਸ਼ਨ 'ਸ਼ੇਰੇ-ਪੰਜਾਬ' ਖੋਲ੍ਹਿਆ ਗਿਆ। ਉਹਨਾਂ ਦੀ ਹਮੇਸ਼ਾ ਸੋਚ ਰਹੀ ਕਿ ਅਸੀਂ ਸਮਾਜ ਨੂੰ ਕਿਵੇਂ ਜੋੜ ਸਕਦੇ ਹਾਂ। ਕੈਨੇਡਾ ਦੇ ਪੰਜਾਬੀ ਭਾਈਚਾਰੇ ਵੱਲੋਂ ਉਨ੍ਹਾਂ ਦੀ ਅਕਾਲ ਚਲਾਣੇ ਉੱਪਰ ਡੂੰਘਾ ਦੁੱਖ ਪ੍ਰਗਟ ਕੀਤਾ ਜਾ ਰਿਹਾ ਹੈ।

## ਡਾ. ਮਲਕੀਤ ਸਿੰਘ ਜੰਡਿਆਲਾ ਟੈਗੋਰ ਥੀਏਟਰ ਵਿਖੇ 18 ਜਨਵਰੀ ਨੂੰ 'ਰਾਗ' ਗਾਇਨ ਪੇਸ਼ ਕਰਨਗੇ।

### ਹਿੰਦੁਸਤਾਨੀ ਸ਼ਾਸਤਰੀ ਰਾਗਾਂ ਦੇ ਮਹਾਨ ਵਿਦਵਾਨ ਡਾ. ਮਲਕੀਤ ਸਿੰਘ ਜੰਡਿਆਲਾ

### ਪੋਲੋ ਹਿੰਦੁਸਤਾਨੀ ਆਰਟ ਹੈਰੀਟੇਜ ਐਂਡ ਕਲਚਰਲ ਟਰੱਸਟ ਵੱਲੋਂ ਪ੍ਰਚੀਨ ਕਲਾ ਕੇਂਦਰ ਨਾਲ ਮਿਲ ਕੇ ਪੇਸ਼ ਕੀਤਾ ਜਾ ਰਿਹਾ 'ਰਾਗ' ਗਾਇਨ ਸਮਾਗਮ

ਵਰਲਡ ਪੰਜਾਬੀ ਟਾਈਮਜ਼
ਹਰਦੇਵ ਚੌਹਾਨ

ਚੰਡੀਗੜ੍ਹ, 1 7 ਜਨਵਰੀ : ਪ੍ਰਸਿੱਧ ਹਿੰਦੁਸਤਾਨੀ ਸ਼ਾਸਤਰੀ ਰਾਗ ਵਾਦਕ ਡਾ. ਮਲਕੀਤ ਸਿੰਘ ਜੰਡਿਆਲਾ 18 ਜਨਵਰੀ ਨੂੰ ਸ਼ਾਮ 6 ਵਜੇ ਚੰਡੀਗੜ੍ਹ ਦੇ ਟੈਗੋਰ ਥੀਏਟਰ ਵਿਖੇ ਆਪਣੇ ਭਾਵਪੂਰਤ 'ਰਾਗ' ਗਾਇਨ ਨਾਲ ਸਰੋਤਿਆਂ ਨੂੰ ਕੀਲਣ ਲਈ ਤਿਆਰ ਹਨ। ਇਹ ਪ੍ਰਦਰਸ਼ਨ ਪੋਲੋ ਹਿੰਦੁਸਤਾਨੀ ਆਰਟ ਹੈਰੀਟੇਜ ਐਂਡ ਕਲਚਰਲ ਟਰੱਸਟ ਵੱਲੋਂ ਪ੍ਰਚੀਨ ਕਲਾ ਕੇਂਦਰ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ। ਡਾ. ਮਲਕੀਤ ਸਿੰਘ, ਅਮਰਦੀਪ ਸਿੰਘ ਦਾਹੀਆ, ਪ੍ਰਸਿੱਧ ਲੇਖਕ ਅਤੇ ਸੰਸਥਾਪਕ, ਪੋਲੋ ਹਿੰਦੁਸਤਾਨੀ ਆਰਟ ਹੈਰੀਟੇਜ ਐਂਡ ਕਲਚਰਲ ਟਰੱਸਟ ਅਤੇ ਸਜਲ ਕੋਸਰ, ਸਕੱਤਰ, ਪ੍ਰਾਚੀਨ ਕਲਾ ਕੇਂਦਰ ਦੁਆਰਾ ਇੱਥੇ ਆਯੋਜਿਤ ਇੱਕ ਪ੍ਰੈਸ ਮਿਲਣੀ ਵਿੱਚ ਵਿਲੱਖਣ ਗਾਇਕੀ ਦੇ ਵੇਰਵੇ ਦਿੱਤੇ ਗਏ।




ਪ੍ਰਸ਼ੰਸਾਯੋਗ ਹਿੰਦੁਸਤਾਨੀ ਸ਼ਾਸਤਰੀ ਸੰਗੀਤ ਕਲਾਕਾਰ ਡਾ. ਸਿੰਘ ਨੂੰ ਵੱਖ-ਵੱਖ 'ਰਾਗਾਂ' ਵਿੱਚ ਆਪਣੀ ਮੁਹਾਰਤ ਅਤੇ ਉਸਦੀ ਪੇਸ਼ਕਾਰੀ ਵਿੱਚ ਭਾਵਨਾਵਾਂ ਨੂੰ ਪ੍ਰਗਟਾਉਣ ਵਾਲੀ ਉਸਦੀ ਯੋਗਤਾ ਲਈ ਮੰਨਿਆ ਜਾਂਦਾ ਹੈ। ਇਹ ਪੇਸ਼ਕਾਰੀ ਇੱਕ ਪ੍ਰਤਿਭਾਸ਼ਾਲੀ ਵਕੀਲ-ਕਮ-ਰਾਗ ਗਾਇਕ ਡਾ. ਮਲਕੀਤ ਦੁਆਰਾ 'ਰਾਗਾਂ' ਦੀ ਇੱਕ ਵਿਲੱਖਣ ਪੇਸ਼ਕਾਰੀ ਹੋਵੇਗੀ। ਸ਼ਰਧਾਲੂ ਸਿੱਖ ਡਾ. ਮਲਕੀਤ ਜੋ ਹਿੰਦੁਸਤਾਨੀ ਕਲਾਸੀਕਲ ਵਿਧਾ ਰਾਹੀਂ ਆਪਣੀ ਅਟੁੱਟ ਵਚਨਬੱਧਤਾ ਨਾਲ 'ਰਾਗਾਂ' ਦੀ ਵਿਰਾਸਤ ਨੂੰ ਅੱਗੇ ਵਧਾ ਰਿਹਾ ਹੈ ਨੇ ਕਿਹਾ, "ਮੇਰੀ ਪੇਸ਼ਕਾਰੀ ਵਿੱਚ ਧੀਮਾ 'ਖਿਆਲ', ਉਸ ਤੋਂ ਬਾਅਦ 'ਧਰੁਤ ਖਿਆਲ' ਅਤੇ ਫਿਰ' ਹੋਵੇਗਾ 'ਤਰਾਨਾ'। ਹਰੇਕ 'ਰਾਗ' ਚੜ੍ਹਦੇ ਅਤੇ ਉਤਰਦੇ ਸੰਗੀਤਕ ਨੋਟਾਂ ਦਾ ਇੱਕ ਵਿਲੱਖਣ ਪ੍ਰਬੰਧ ਹੁੰਦਾ ਹੈ ਤੇ ਇੱਕ ਖਾਸ ਮੂਡ ਅਤੇ ਸੁਹਜ ਵਾਲਾ ਮਾਹੌਲ ਪ੍ਰਦਾਨ ਕਰਦਾ ਹੈ। 'ਰਾਗ' ਬਹੁਤ ਸ਼ਕਤੀਸ਼ਾਲੀ ਹੁੰਦੇ ਹਨ। ਉਹ 9 'ਰਸਾਂ' ਜਿਵੇਂ ਕਿ 'ਗੰਭੀਰ', 'ਭਗਤੀ', 'ਹਸਿਆ' ਆਦਿ ਨੂੰ ਸ਼ਾਮਲ ਕਰਦੇ ਹਨ। ਇਹ ਤੀਬਰ 'ਭਾਵ' ਜਾਂ ਭਾਵਨਾਵਾਂ ਪੈਦਾ ਕਰ ਸਕਦੇ ਹਨ।"

'ਡਾ. ਮਲਕੀਤ ਦਾ ਗਾਇਣ ਮਨਮੋਹਕ ਹੋਣ ਦਾ ਵਾਅਦਾ ਕਰਦਾ ਹੈ ਕਿਉਂਕਿ ਉਹ ਸਰੋਤਿਆਂ ਨੂੰ ਇੱਕ ਸੁਰੀਲੀ ਯਾਤਰਾ 'ਤੇ ਲੈ ਜਾਵੇਗਾ ਜੋ ਸੀਮਾਵਾਂ ਤੋਂ ਪਾਰ ਹੁੰਦਾ ਹੈ ਅਤੇ ਕਲਾਸੀਕਲ ਸੰਗੀਤ ਦੇ ਸਦੀਵੀ ਤੱਤ ਨਾਲ ਗੂੰਜਦਾ ਹੈ।

ਇਸ ਸ਼ਾਮ ਦਾ ਉਦੇਸ਼ ਨੌਜਵਾਨਾਂ ਨੂੰ ਭਾਰਤੀ ਪਰੰਪਰਾਵਾਂ ਤੋਂ ਜਾਣੂ ਕਰਵਾਉਣਾ ਹੈ, ਜਿਸ ਰਾਹੀਂ ਉਨ੍ਹਾਂ ਵਿੱਚ ਹਿੰਦੁਸਤਾਨੀ ਸੰਗੀਤ ਦੀ ਅਸਲ ਪਰੰਪਰਾ ਨੂੰ ਉਤਸ਼ਾਹਿਤ ਕਰਨਾ ਹੈ ਤਾਂ ਜੋ ਉਨ੍ਹਾਂ ਨੂੰ ਮੁੱਖ ਧਾਰਾ ਵਿੱਚ ਲਿਆਇਆ ਜਾ ਸਕੇ ਅਤੇ ਉਨ੍ਹਾਂ ਨੂੰ ਅਮੀਰ ਭਾਰਤੀ ਸੰਗੀਤਕ ਲੋਕਧਾਰਾ ਨਾਲ ਜੋੜਿਆ ਜਾ ਸਕੇ,' ਅਮਰਦੀਪ ਸਿੰਘ ਦਹੀਆ, ਸੰਸਥਾਪਕ, ਪੋਲੋ ਹਿੰਦੁਸਤਾਨੀ ਆਰਟ ਹੈਰੀਟੇਜ ਐਂਡ ਕਲਚਰਲ ਟਰੱਸਟ, ਜੋ ਭਾਰਤੀ ਕਲਾ ਦੇ ਰੂਪਾਂ ਨੂੰ ਵਿਸ਼ਾਲ ਸਰੋਤਿਆਂ ਦੇ ਸਾਹਮਣੇ ਲਿਆਉਣ ਲਈ ਯੋਮਨ ਦੀ ਸੇਵਾ ਕਰ ਰਿਹਾ ਹੈ ਨੇ ਅੱਗੇ ਕਿਹਾ।

ਡਾ. ਮਲਕੀਤ ਹਿੰਦੁਸਤਾਨੀ ਸ਼ਾਸਤਰੀ ਸੰਗੀਤ ਵਿੱਚ ਐਮਏ ਅਤੇ ਐਮ ਫਿਲ ਹਨ ਅਤੇ ਪੀਐਚ.ਡੀ. ਗੁਰਮਤਿ ਸੰਗੀਤ ਵਿਚ ਚਾਰੇ ਵੇਦਾਂ ਦੀ ਡੂੰਘੀ ਖੋਜ ਕੀਤੀ ਹੈ। ਉਸਦੇ ਅਨੁਸਾਰ 'ਰਾਗਾਂ' ਦਾ ਪਹਿਲਾ ਬਿਰਤਾਂਤ 'ਸਾਮ ਵੇਦ' ਵਿੱਚ ਦਰਜ ਹੈ ਜੋ ਇੱਕ 'ਸੰਗੀਤਕ' ਗ੍ਰੰਥ ਹੈ। ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਇੱਕ ਰਾਗ ਵੀ ਗਾਇਨ ਕਰਨਗੇ।

ਵਰਨਣਯੋਗ ਹੈ ਕਿ ਡਾ. ਮਲਕੀਤ ਨੇ 1989 ਵਿਚ ਗੁਰਮਤਿ ਸੰਗੀਤ ਸੋਸਾਇਟੀ ਚੰਡੀਗੜ੍ਹ ਦੀ ਸਥਾਪਨਾ ਕਰਕੇ ਗੁਰਮਤਿ ਸੰਗੀਤ ਦੀ ਸ਼ੁਰੂਆਤ ਕੀਤੀ ਸੀ ਅਤੇ ਉਹ ਪ੍ਰਾਚੀਨ ਕਲਾ ਕੇਂਦਰ ਵਿਖੇ ਗੁਰਮਤਿ ਸੰਗੀਤ ਵਿਭਾਗ ਦੇ ਆਨਰੇਰੀ ਮੁਖੀ ਵੀ ਹਨ। ਚੰਡੀਗੜ੍ਹ ਵਿੱਚ ਸੰਗੀਤ ਦੇ ਸ਼ੌਕੀਨ 18 ਜਨਵਰੀ ਦੀ ਸ਼ਾਮ ਨੂੰ ਡਾ. ਮਲਕੀਤ ਸਿੰਘ ਟੈਗੋਰ ਥੀਏਟਰ ਦੇ ਮੰਚ 'ਤੇ ਆਪਣੀ ਸੰਗੀਤਕ ਸ਼ਕਤੀ ਨਾਲ ਸ਼ਾਨਦਾਰ ਧੁਨਾਂ ਦੀ ਪੇਸ਼ਕਾਰੀ ਅਤੇ ਕਲਾਤਮਕ ਮਾਹੌਲ ਵਾਲੀ ਇੱਕ ਸ਼ਾਮ ਦੀ ਸਿਰਜਣਾ ਕਰਨਗੇ

ਦਹੀਆ ਨੇ ਦੱਸਿਆ ਕਿ ਮੁੱਖ ਮਹਿਮਾਨ ਜਸਟਿਸ ਵਿਨੋਦ ਐਸ ਭਾਰਦਵਾਜ, ਜੱਜ, ਪੰਜਾਬ ਅਤੇ ਹਰਿਆਣਾ ਹਾਈ ਕੋਰਟ ਅਤੇ ਸਰਦਾਰ ਚਰਨ ਸਿੰਘ ਸਪਰਾ, ਸਾਬਕਾ ਟਰੱਸਟੀ, ਹਜ਼ੂਰ ਸਾਹਿਬ, ਡਾ. ਮਲਕੀਤ ਸਿੰਘ ਦੁਆਰਾ ਗੁਰਮਤਿ ਸੰਗੀਤ 'ਤੇ ਲਿਖੀ ਇਕ ਪੁਸਤਕ- 'ਆਦਿ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਕਾ ਰਾਗ ਪ੍ਰਬੰਧ' (Aadi Granth Shri Guru Granth Sahib Ka Raag Prabandh)
ਰਿਲੀਜ਼ ਕਰਨਗੇ। ਦਹੀਆ ਨੇ ਕਿਹਾ ਕਿ ਨਾਮਵਰ ਸ਼ਖਸੀਅਤਾਂ ਨੂੰ ਸਮਾਪਤੀ 'ਤੇ ਲਾਈਫਟਾਈਮ ਅਚੀਵਮੈਂਟ ਅਵਾਰਡ ਵੀ ਪ੍ਰਦਾਨ ਕੀਤੇ ਜਾਣਗੇ।

## 'ਆਕਸਫੋਰਡ ਸਕੂਲ ਨੇ ਜੀ-20 ਸੰਮੇਲਨ ਵਿੱਚ ਪੰਜਾਬ ਦੇ ਸਕੂਲਾਂ ਵਿੱਚੋਂ ਪੰਜਵਾਂ ਸਥਾਨ'

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ

ਬਰਗਾੜੀ, 17 ਜਨਵਰੀ : 'ਦ ਆਕਸਫੋਰਡ ਸਕੂਲ ਆਫ਼ ਐਜੂਕੇਸ਼ਨ, ਭਗਤਾ ਭਾਈਕਾ' ਧਰੂ ਤਾਰੇ ਵਾਂਗ ਚਮਕਦੀ ਵਿੱਦਿਅਕ ਇੱਕ ਸੰਸਥਾ ਹੈ, ਜੋ ਹਰ ਖੇਤਰ ਵਿੱਚ ਆਏ ਦਿਨ ਪ੍ਰਾਪਤੀਆਂ ਕਰ ਰਹੀ ਹੈ। ਇਸ ਇਲਾਕੇ ਲਈ ਇਹ ਮਾਣ ਵਾਲੀ ਗੱਲ ਹੈ ਕਿ ਇਹ ਸੰਸਥਾ ਨੇ 13 ਜਨਵਰੀ 2024 ਨੂੰ ਦਿੱਲੀ ਵਿਖੇ ਹੋਏ ਜੀ-20 ਸੰਮੇਲਨ ਅਧੀਨ ਭਾਰਤ ਇੰਸਟੀਟਿਊਸ਼ਨ ਰੈਂਕਡ ਸਕੂਲ ਵਿੱਚ ਪੰਜਾਬ ਦੇ ਸਕੂਲਾਂ ਵਿੱਚੋਂ ਸਪੋਰਟਸ ਸ਼੍ਰੇਣੀ ਵਿੱਚ ਪੰਜਵਾਂ ਸਥਾਨ ਹਾਸਲ ਕੀਤਾ। ਜਿਸ ਵਿੱਚ 1080 ਸਕੂਲਾਂ ਦੇ ਬਿਨੈ-ਪੱਤਰ ਦਰਜ ਹੋਏ ਸਨ, ਜਿਨਾਂ ਵਿੱਚੋਂ 280 ਸਕੂਲਾਂ ਦੀ ਚੋਣ ਕੀਤੀ ਗਈ ਅਤੇ ਪਹਿਲੇ ਗੇੜ ਦੇ 130 ਸਕੂਲਾਂ ਵਿੱਚੋਂ ਆਕਸਫੋਰਡ ਸੰਸਥਾ ਨੂੰ ਸਿਟੀ 'ਚੋਂ (ਜ਼ਿਲੇ ਵਿੱਚੋਂ) ਦੂਜਾ ਅਤੇ ਸਟੇਟ ਰੈਂਕ ਵਿੱਚੋਂ ਪੰਜਵਾਂ ਸਥਾਨ ਪ੍ਰਾਪਤ ਹੋਇਆ। ਇਸ ਦੇ ਮੱਖ ਮਹਿਮਾਨ ਸ਼ੇਖਰ ਦੱਤ (ਸਾਬਕਾ ਗਵਰਨਰ ਛੱਤੀਸਗੜ੍ਹ, ਪ੍ਰੋ: ਸੀ.ਬੀ. ਸ਼ਰਮਾ (ਸਾਬਕਾ ਚੇਅਰਮੈਨ ਨਿਓਸ, ਗੌਰਮਿੰਟ ਆਫ਼ ਇੰਡੀਆ) ਵੱਲੋਂ ਸਕੂਲ ਦੇ ਪਿੰ੍ਰਸੀਪਲ ਰੂਪ ਲਾਲ ਬਾਂਸਲ ਨੂੰ ਇੱਕ ਟਰਾਫੀ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਪਿੰਰਸੀਪਲ ਰੂਪ ਲਾਲ ਬਾਂਸਲ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਇਹ ਸਾਡੇ ਸਕੂਲ ਲਈ, ਵਿਦਿਆਰਥੀਆਂ ਲਈ, ਮਾਪਿਆਂ ਲਈ ਅਤੇ ਸਾਰੇ ਇਲਾਕੇ ਲਈ ਬੜੇ ਮਾਣ ਵਾਲੀ ਗੱਲ ਹੈ ਕਿ ਆਕਸਫੋਰਡ ਸਕੂਲ ਵਿੱਦਿਆ ਦੇ ਨਾਲ-ਨਾਲ ਖੇਡਾਂ ਦੇ ਖੇਤਰ ਵਿੱਚ ਵੀ ਉੱਚੀਆਂ ਪ੍ਰਾਪਤੀਆਂ ਕਰ ਰਿਹਾ ਹੈ, ਜਿਸ ਕਾਰਨ ਇਸ ਸੰਸਥਾ ਨੂੰ ਇਹ ਸਨਮਾਨ ਹਾਸਿਲ ਹੋਇਆ ਹੈ। ਸਕੂਲ ਦੀ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਹਰਦੇਵ ਸਿੰਘ ਬਰਾੜ (ਸਾਬਕਾ ਚੇਅਰਮੈਨ), ਹਰਗੁਰਪ੍ਰੀਤ ਸਿੰਘ ਗਗਨ ਬਰਾੜ (ਚੇਅਰਮੈਨ), ਗੁਰਮੀਤ ਸਿੰਘ ਗਿੱਲ (ਪ੍ਰਧਾਨ), ਪਰਮਪਾਲ ਸਿੰਘ 'ਸ਼ੈਰੀ ਢਿੱਲੋਂ' (ਵਾਈਸ ਚੇਅਰਮੈਨ), ਗੁਰਮੀਤ ਸਿੰਘ ਗਿੱਲ ਸਰਪੰਚ (ਵਿੱਤ-ਸਕੱਤਰ) ਨੇ ਵੀ ਪਿੰ੍ਰਸੀਪਲ ਰੂਪ ਲਾਲ ਬਾਂਸਲ ਅਤੇ ਸਮੂਹ ਸਟਾਫ ਨੂੰ ਵਧਾਈ ਦਿੱਤੀ। ਉਹਨਾਂ ਕਿਹਾ ਕਿ ਇੱਕ ਯੋਗ ਅਗਵਾਈ ਵਿੱਚ ਹੀ ਪ੍ਰਾਪਤੀਆਂ ਹੋਣਾ ਯਕੀਨੀ ਹੁੰਦਾ ਹੈ।




## ਡੀ.ਸੀ.ਐੱਮ. ਸਕੂਲ ਵਿੱਚ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਸ਼ਰਧਾ ਨਾਲ ਮਨਾਇਆ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ

ਕੋਟਕਪੂਰਾ, 17 ਜਨਵਰੀ : ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜੇ 'ਤੇ ਸਥਾਨਕ ਡੀਸੀਐੱਮ ਇੰਟਰਨੈਸ਼ਨਲ ਸਕੂਲ ਵਿਖੇ ਪ੍ਰਿੰਸੀਪਲ ਸ੍ਰੀਮਤੀ ਮੀਨਾਕਸ਼ੀ ਸ਼ਰਮਾ ਦੀ ਯੋਗ ਰਹਿਨੁਮਾਈ ਅਧੀਨ, ਸਕੂਲ ਦੇ ਹਾਊਸ ਇੰਚਾਰਜ ਅਧਿਆਪਕਾਂ ਨੇ ਇਕ ਵਿਸ਼ੇਸ਼ ਧਾਰਮਿਕ ਸਮਾਗਮ ਕਰਵਾਇਆ ਗਿਆ, ਜਿਸ 'ਚ ਸਭ ਤੋਂ ਪਹਿਲਾਂ ਵਿਦਿਆਰਥੀਆਂ ਵਲੋਂ ਜਪੁਜੀ ਸਾਹਿਬ ਦੇ ਪਾਠ ਦਾ ਸਿਮਰਨ ਕੀਤਾ ਗਿਆ, ਫਿਰ ਕੁਝ ਸਮਾਂ ਵਾਹਿਗੁਰੂ ਦਾ ਸਿਮਰਨ ਕਰਨ ਤੋਂ ਬਾਅਦ ਬੱਚਿਆਂ ਨੇ ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ ਸਬਦ ਗਾਇਨ ਕੀਤਾ, ਦੂਜੇ ਗਰੁੱਪ ਦੇ ਵਿਦਿਆਰਥੀਆਂ ਨੇ ਆਪਣੀ ਰਸ ਭਰੀ ਆਵਾਜ ਵਿਚ ਸੇਵਕ ਕੀ ਅਰਦਾਸਿ ਪਿਆਰੇ, ਅਤੇ ਦੇਹਿ ਸਵਿਾ ਬਰ ਮੋਹਿ ਇਹੈ,, ਸ਼ਬਦ ਪੇਸ਼ ਕਰਕੇ ਸਭ ਨੂੰ ਮੰਤਰ ਮੁਗਧ ਕਰ ਦਿੱਤਾ. ਉਸ ਤੋਂ ਬਾਅਦ ਕੁਝ ਬੱਚਿਆਂ ਨੇ ਧਾਰਮਿਕ ਗੀਤ ਅਤੇ ਕਵਿਤਾਵਾਂ, ਸਾਨੂੰ ਥਾਪਨਾ ਗੁਰੂ ਗੋਬਿੰਦ ਸਿੰਘ ਦੀ, ਕਵੀਸ਼ਰੀ, ਗਾਇਨ ਕੀਤੀਆਂ, 11ਵੀਂ ਜਮਾਤ ਦੀ ਵਿਦਿਆਰਥਣ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ 'ਤੇ ਚਾਨਣਾ ਪਾਉਂਦਿਆਂ ਗੁਰੂ ਗੋਬਿੰਦ ਸਿੰਘ ਜੀ ਦਾ ਸਾਰਾ ਇਤਿਹਾਸ ਵਿਸਥਾਰ ਨਾਲ ਦੱਸਿਆ। ਅਖੀਰ 'ਚ ਪ੍ਰਿੰਸੀਪਲ ਮੀਨਾਕਸ਼ੀ ਸ਼ਰਮਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਗੁਰੂ ਗੋਬਿੰਦ ਸਿੰਘ ਜੀ ਵਿਸ਼ਵ ਦੇ ਧਾਰਮਿਕ ਇਤਿਹਾਸ ਅੰਦਰ ਉਹ ਰਹਿਬਰ ਹਨ, ਜਿਨਾਂ ਨੇ ਆਪਣਾ ਸਰਬੰਸ ਧਰਮ ਤੇ ਮਨੁੱਖੀ ਕਦਰਾਂ ਕੀਮਤਾਂ ਦੀ ਮਜਬੂਤੀ ਅਤੇ ਜੁਲਮ ਦੇ ਖਾਤਮੇ ਲਈ ਕੁਰਬਾਨ ਕੀਤਾ ਹੈ ਅਤੇ ਗੁਰੂ ਗੋਬਿੰਦ ਜੀ ਦੀ ਦ੍ਰਿੜਤਾ, ਸਬਰ ਤੇ ਸਿਦਕ ਭਰਪੂਰ ਅਦੁੱਤੀ ਜੀਵਨ ਗਾਥਾ ਸਮੁੱਚੀ ਮਨੁੱਖਤਾ ਅੰਦਰ ਹੱਕ-ਸੱਚ ਲਈ ਜੂਝਣ ਦਾ ਜਜਬਾ ਭਰਨ ਵਾਲੀ ਹੈ।



